ਰਾਸ਼ਟਰੀ-ਅੰਤਰਰਾਸ਼ਟਰੀ

## ਇਟਲੀ ਵਿੱਚ ਸ੍ਰੀ ਸਾਹਿਬ ਮਸਲੇ ਤੇ ਐਕਸ਼ਨ ਕਮੇਟੀ ਵਲੋਂ ਜਸਵੀਰ ਸਿੰਘ,ਅਮਰਜੀਤ ਸਿੰਘ ਅਤੇ ਕੰਗ ਦਾ ਬਾਈਕਾਟ

### ਮਸਲਾ ਕੌਂਸਲੇਟ ਜਨਰਲ ਮਿਲਾਨ ਐਸ.ਚਕਰਵਰਤੀ ਨੂੰ ਸਨਮਾਨਿਤ ਕਰਨ ਦਾ।

ਬਰੇਸ਼ੀਆ (ਇਟਲੀ) 25 ਅਪਰੈਲ() ਇਟਲੀ ਵਿੱਚ ਵਸਦੀ ਸਿੱਖ ਕੌਮ ਅਤੇ ਕੌਂਸਲੇਟ ਦਫਤਰ, ਮਿਲਾਨ ਵਿੱਚ ਦਫਤਰ ਆਉਣ ਵਾਲੇ ਸਿੱਖਾਂ ਦੀਆਂ ਸ੍ਰੀ ਸਾਹਿਬ ਉਤਾਰਨ ਦਾ ਮਸਲਾ ਅਜੇ ਹੱਲ ਆਉਂਦਾ ਨਜਰ ਨਹੀਂ ਆਉਂਦਾ, ਇਸ ਮਸਲੇ ਤੇ ਜਿੱਥੇ ਇਟਲੀ ਦੇ ਸਮੂਹ ਗੁਰਦਵਾਰਿਆਂ ਵਲੋਂ ਗਠਿਤ ਕੀਤੀ 13 ਮੈਂਬਰੀ ਐਕਸ਼ਨ ਕਮੇਟੀ ਨੇ ਭਾਰਤ ਦੇ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਸਮੇਤ ਹੋਰ ਸਬੰਧਤ ਮਹਿਕਮਿਆਂ ਨੂੰ ਪੱਤਰ ਲਿਖ ਕੇ ਜਾਣੂ ਕਰਵਾਇਆ ਸੀ, ਉੱਥੇ ਹੀ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਮਿਲਾਨ ਸ਼ਹਿਰ ਵਿਖੇ ਆਪਣੇ ਹੀ ਦੇਸ਼ ਦੇ ਕੌਂਸਲੇਟ ਦਫਤਰ ਦੇ ਅਧਿਕਾਰੀਆਂ ਵਿਰੁੱਧ ਸ਼ਾਤਮਈ ਧਰਨਾ ਵੀ ਦਿੱਤਾ ਗਿਆ ਸੀ ਅਤੇ ਕੌਂਸਲੇਟ ਜਨਰਲ ਨੂੰ 30 ਅਪਰੈਲ ਤੱਕ ਲਿਖਤੀ ਮੁਆਫੀ ਮੰਗਣ ਦਾ ਟਾਈਮ ਦਿੱਤਾ ਗਿਆ ਸੀ। ਉਪਰੰਤ ਐਕਸ਼ਨ ਕਮੇਟੀ ਵਲੋਂ ਇਟਲੀ ਦੇ ਸਮੂਹ ਗੁਰਦਵਾਰਿਆਂ ਦੀਆਂ ਕਮੇਟੀਆਂ ਨੂੰ ਕੌਂਸਲੇਟ ਜਨਰਲ ਦਾ ਪੂਰਨ ਬਾਈਕਾਟ ਕਰਨ ਦਾ ਸੱਦਾ ਦਿੱਤਾ ਗਿਆ ਸੀ ਅਤੇ ਕਿਸੇ ਵੀ ਧਾਰਮਿਕ ਸਮਾਗਮ ਵਿੱਚ ਉਸ ਨੂੰ ਨਾ ਬੁਲਾਉਣ ਦੀ ਬੇਨਤੀ ਕੀਤੀ ਗਈ ਸੀ। ਪਰ ਪਿਛਲੇ ਦਿਨੀਂ ਬੈਰਗਾਮੋ ਦੇ ਕੋਰਤਾਨੋਵਾ ਵਿਖੇ ਗੁਰੂ ਘਰ ਲਈ ਬਣਾਈ ਨਵੀਂ ਬਿਲਡਿੰਗ ਦੇ ਉਦਘਾਟਨ ਮੌਕੇ ਗੁਰਦਵਾਰੇ ਦੇ ਪ੍ਰਬੰਧਕਾਂ ਸ.ਜਸਵੀਰ ਸਿੰਘ, ਅਖੰਡ ਕੀਰਤਨੀ ਜਥੇ ਦੇ ਇਟਲੀ ਮੁਖੀ ਭਾਈ ਅਮਰਜੀਤ ਸਿੰਘ ਦੇ ਸੱਦੇ ਕੌਂਸਲੇਟ ਨੂੰ ਵਿਸ਼ੇਸ਼ ਤੌਰ ਤੇ ਬੁਲਾ ਕੇ ਸਨਮਾਨਿਤ ਕੀਤਾ ਗਿਆ। ਜਿਸ ਤੇ ਐਕਸ਼ਨ ਕਮੇਟੀ ਵਲੋਂ ਵਿਚੈਂਸਾ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ ਅਤੇ ਗੁਰਦਵਾਰੇ ਦੇ ਪ੍ਰਧਾਨ ਸ. ਜਸਵੀਰ ਸਿੰਘ, ਸ. ਅਮਰਜੀਤ ਸਿੰਘ ਅਤੇ ਮਿਲਾਨ ਸਥਿਤ ਦਫਤਰ ਨਜਦੀਕ ਏਜੰਸੀ ਦੇ ਮਾਲਕ ਸੁਖਦੇਵ ਸਿੰਘ ਕੰਗ ਦਾ ਸਮੂਹ ਕਮੇਟੀਆਂ ਵਲੋਂ ਬਾਈਕਾਟ ਕਰ ਦਿੱਤਾ ਗਿਆ। ਐਕਸ਼ਨ ਕਮੇਟੀ ਅੰਤਰਰਾਸਟਰੀ ਅਖੰਡ ਕੀਰਤਨੀ ਸੰਸਥਾ ਦੇ ਮੁਖੀ ਨੂੰ ਅਪੀਲ ਕੀਤੀ ਗਈ ਕਿ ਸਿੱਖ ਕੌਮ ਵਿੱਚ ਇਹ ਇੱਕ ਸਤਿਕਾਰਿਤ ਜਥੇਬੰਦੀ ਹੈ, ਪਰ ਤੁਹਾਡੀ ਜਥੇਬੰਦੀ ਦੇ ਥਾਪੇ ਇਟਲੀ ਮੁਖੀ ਨੇ ਸ੍ਰੀ ਸਾਹਿਬ ਉਤਾਰਨ ਦੇ ਮਸਲੇ ਵਿੱਚ ਕੌਂਸਲੇਟ ਦਾ ਪੱਖ ਪੂਰ ਕੇ ਪੂਰੀ ਸਿੱਖ ਕੌਮ ਨਾਲ ਗੱਦਾਰੀ ਕੀਤੀ ਹੈ। ਉਹਨਾਂ ਕਿਹਾ ਕਿ ਅਜਿਹੇ ਲੀਡਰਾਂ ਨੂੰ ਧਾਰਮਿਕ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ ਹੈ। ਉਹਨਾਂ ਬੈਰਗਾਮੋ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਪਿਛਲੇ 15 ਕੁ ਸਾਲ ਤੋਂ ਬੈਰਗਾਮੋ ਵਿੱਚ ਬਣਾਏ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸ. ਜਸਵੀਰ ਸਿੰਘ ਤੋਂ ਜੁਆਬ ਲੈਣ ਕੇ ਉਹਨਾਂ ਸਿੱਖ ਕੌਮ ਲਈ ਕੀ ਕੀਤਾ ਹੈ। ਜਿਸ ਪ੍ਰਧਾਨ ਨੇ ਅਜੇ ਤੱਕ ਖੁਦ ਅਮ੍ਰਿਤ ਨਹੀਂ ਛਕਿਆ ਉਸ ਨੂੰ ਸ੍ਰੀ ਸਾਹਿਬ ਦੀ ਮਹੱਤਤਾ ਬਾਰੇ ਕੀ ਜਾਣਕਾਰੀ ਹੋ ਸਕਦੀ ਹੈ। ਐਕਸ਼ਨ ਕਮੇਟੀ ਨੇ ਕੌਂਸਲੇਟ ਜਨਰਲ ਨੂੰ ਇੱਕ ਵਾਰ ਫਿਰ 15 ਮਈ ਤੱਕ ਪਸਚਾਤਾਪ ਕਰਨ ਦਾ ਟਾਈਮ ਦਿੱਤਾ ਅਤੇ ਕਿਹਾ ਕਿ ਜੇ ਇਸ ਟਾਈਮ ਵਿੱਚ ਉਹਨਾਂ ਲਿਖਤੀ ਮੁਆਫੀ ਨਾ ਮੰਗੀ ਤਾਂ 25 ਦਿਨ ਦੇ ਵਿੱਚ ਉਸ ਦੇ ਇਸ਼ਾਰੇ ਤੇ ਉਤਾਰੀਆਂ ਸ੍ਰੀ ਸਾਹਿਬਾਂ ਦੇ ਸਬੂਤਾਂ ਨੂੰ ਲੈ ਕੇ ਉਸ ਵਿਰੁੱਧ ਇਟਾਲੀਅਨ ਅਦਾਲਤ ਵਿੱਚ ਕੇਸ ਦਰਜ ਕਰ ਦਿੱਤਾ ਜਾਵੇਗਾ। ਮੀਟਿੰਗ ਵਿੱਚ ਨੈਸ਼ਨਲ ਧਰਮ ਪ੍ਰਚਾਰ ਕਮੇਟੀ, ਇਟਲੀ ਦੇ ਪ੍ਰਧਾਨ ਭਾਈ ਹਰਵੰਤ ਸਿੰਘ ਦਾਦੂਵਾਲ, ਗੁਰਦਵਾਰਾ ਸਿੰਘ ਸਭਾ ਫਲੇਰੋ ਦੇ ਪ੍ਰਧਾਨ ਭਾਈ ਨਿਸ਼ਾਨ ਸਿੰਘ ਸਰਪੰਚ, ਭਾਈ ਸਤਵਿੰਦਰ ਸਿੰਘ ਬਾਜਵਾ(ਪੋਰਦੀਨੋਨੇ), ਭਾਈ ਕੁਲਵਿੰਦਰ ਸਿੰਘ ਖਾਲਸਾ(ਪੋਰਦੀਨੋਨੇ), ਭਾਈ ਜੋਗਿੰਦਰ ਸਿੰਘ ਲਾਂਬੜਾ, ਭਾਈ ਹਰਪਾਲ ਸਿੰਘ ਨੋਵੇਲਾਰਾ(ਰਿਜੋਈਮੀਲੀਆ), ਸ਼੍ਰੋਮਣੀ ਅਕਾਲੀ ਦਲ(ਅ) ਇਟਲੀ ਦੇ ਪ੍ਰਧਾਨ ਭਾਈ ਲਾਲ ਸਿੰਘ ਸੁਰਤਾਪੁਰ, ਭਾਈ ਜੋਗਿੰਦਰ ਸਿੰਘ(ਰੋਦੀਗੋ), ਭਾਈ ਜਤਿੰਦਰ ਸਿੰਘ, ਭਾਈ ਸਤਨਾਮ ਸਿੰਘ ਮੋਧਨਾ,ਭਾਈ ਸਵਰਨ ਸਿੰਘ ਬੈਰਗਾਮੋ, ਡਾ.ਦਲਵੀਰ ਸਿੰਘ, ਮਨਜੀਤ ਸਿੰਘ ਧੰਜੂ, ਭਾਈ ਸੁਰਜੀਤ ਸਿੰਘ ਬੋਰਗੋ, ਭਾਈ ਇਕਬਾਲ ਸਿੰਘ ਸੋਢੀ, ਭਾਈ ਰਾਮ ਸਿੰਘ ਮੋਧਨਾ, ਭਾਈ ਸੁਰਿੰਦਰ ਸਿੰਘ ਪਿਰੋਜ, ਸ.ਕਮਲਜੀਤ ਸਿੰਘ ਮੱਲੀ, ਭਾਈ ਅਮਰੀਕ ਸਿੰਘ ਬਰੇਸ਼ੀਆ, ਸ.ਤਾਰ ਸਿੰਘ ਕਰੰਟ, ਭਾਈ ਪਿਛੌਰਾ ਸਿੰਘ ਮਨਤੋਵਾ, ਭਾਈ ਜਗਤਾਰ ਸਿੰਘ ਸੁਰਤਾਪੁਰ, ਭਾਈ ਸੁਰਿੰਦਰਜੀਤ ਸਿੰਘ ਪੰਡੋਰੀ ਵਿਸੇਸ਼ ਤੌਰ ਤੇ ਹਾਜਿਰ ਸਨ।